International Journal of Information Movement Vol.I Issue VI (October 2016)
Website: ijim.in ISSN: 2456-0553 (online) Pages 41-46

# ਲੋਕ ਗੀਤਾਂ ਵਿੱਚ ਔਰਤ ਦੀ ਮਾਨਸਿਕਤਾ

**Dr. Kamalmeet (Lecturer)**
Khalsa College for Women
Civil Lines, Ludhiana
E-mail: kamalm14278@yahoo.co.in

***ਸਾਰ:-***

ਲੋਕ ਗੀਤਾਂ ਨੂੰ ਔਰਤ ਦੇ ਮੂੰਹੋਂ ਉਚਾਰੇ ਗਏ ਪ੍ਰਵਚਨ ਕਿਹਾ ਜਾਂਦਾ ਹੈ ਕਿਉਂਕਿ ਇਹ ਜ਼ਿਆਦਾਤਰ ਔਰਤਾਂ ਨਾਲ ਹੀ ਸਬੰਧਤ ਹੁੰਦੇ ਹਨ ਅਤੇ ਔਰਤਾਂ ਦੁਆਰਾ ਹੀ ਗਾਏ ਜਾਂਦੇ ਹਨ। ਇਹ ਗੀਤ ਆਮ ਤੌਰ ’ਤੇ ਸਮੂਹਿਕ ਅਚੇਤ ਮਨ (Collective Unconscious) ਦੀ ਤਰਜਮਾਨੀ ਕਰਦੇ ਹਨ। ਇਹ ਸਮਾਜਿਕ ਕਦਰਾਂ-ਕੀਮਤਾਂ ਦੀਆਂ ਬੰਦਿਸ਼ਾਂ, ਰੋਕਾਂ ਅਤੇ ਮਨਾਹੀਆਂ ਕਾਰਨ ਔਰਤ ਦੀਆਂ ਦੱਬੀਆਂ-ਘੁੱਟੀਆਂ ਭਾਵਨਾਵਾਂ ਅਤੇ ਜਜ਼ਬਾਤਾਂ ਦਾ ਪ੍ਰਗਟਾਵਾ ਕਰਦੇ ਹਨ। ਗੀਤਾਂ ਰਾਹੀਂ ਔਰਤ ਦੀ ਸਮਾਜਿਕ ਸਥਿਤੀ ਦੀ ਜਾਣਕਾਰੀ ਮਿਲਦੀ ਹੈ ਅਤੇ ਇਹਨਾਂ ਰਾਹੀਂ ਉਸਦੇ ਅਚੇਤ ਪੱਧਰ ’ਤੇ ਚਲ ਰਹੀ ਰਿਸ਼ਤਿਆਂ ਦੀ ਕਾਰਜਸ਼ੀਲਤਾ ਉੱਭਰ ਕੇ ਸਾਹਮਣੇ ਆਉਂਦੀ ਹੈ। ਲੋਕ-ਗੀਤ ਸਿਰਫ਼ ਔਰਤ ਦੇ ਜਜ਼ਬਾਤਾਂ ਦਾ ਹੀ ਨਹੀਂ ਬਲਕਿ ਸਮਾਜ ਵਿੱਚ ਵਾਪਰਦੀਆਂ ਸਮਾਜਿਕ, ਧਾਰਮਿਕ ਤੇ ਰਾਜਸੀ ਘਟਨਾਵਾਂ ਬਾਰੇ ਉਸਦੀ ਸੂਝ ਦਾ ਵੀ ਪ੍ਰਗਟਾਵਾ ਕਰਦੇ ਹਨ। ਲੋਕ-ਗੀਤਾਂ ਰਾਹੀਂ ਹੀ ਉਹ ਸਮਾਜਿਕ ਪ੍ਰਬੰਧ ਸਾਹਮਣੇ ਆਉਂਦਾ ਹੈ ਜਿਸ ਵਿੱਚ ਇੱਕੋ ਸਮੇਂ ਪਰੰਪਰਾ ਮਰਦ ਲਈ ਹੋਰ ਅਤੇ ਔਰਤ ਲਈ ਹੋਰ ਮੂਲ-ਵਿਧਾਨ ਵੀ ਸਿਰਜਦੀ ਹੈ। ਸੋ ਕਿਸੇ ਨਾ ਕਿਸੇ ਤਰ੍ਹਾਂ ਇਹ ਲੋਕ-ਗੀਤ ਸਮਾਜ ਅਤੇ ਸੱਭਿਆਚਾਰ ਦੇ ਦਸਤਾਵੇਜ਼ ਬਣਦੇ ਹਨ।

***ਕੁੰਜੀਗਤ ਸ਼ਬਦ :*** ਲੋਕ ਗੀਤ, ਸਮਾਜਿਕ ਸਥਿਤੀ,

ਲੋਕ ਗੀਤਾਂ ਨੂੰ ਔਰਤ ਦੇ ਮੂੰਹੋਂ ਉਚਾਰੇ ਗਏ ਪ੍ਰਵਚਨ ਕਿਹਾ ਜਾਂਦਾ ਹੈ ਕਿਉਂਕਿ ਇਹ ਜ਼ਿਆਦਾਤਰ ਔਰਤਾਂ ਨਾਲ ਹੀ ਸਬੰਧਤ ਹੁੰਦੇ ਹਨ ਅਤੇ ਔਰਤਾਂ ਦੁਆਰਾ ਹੀ ਗਾਏ ਜਾਂਦੇ ਹਨ। ਇਹ ਗੀਤ ਆਮ ਤੌਰ ’ਤੇ ਸਮੂਹਿਕ ਅਚੇਤ ਮਨ (Collective Unconscious) ਦੀ ਤਰਜਮਾਨੀ ਕਰਦੇ ਹਨ। ਇਹ ਸਮਾਜਿਕ ਕਦਰਾਂ-ਕੀਮਤਾਂ ਦੀਆਂ ਬੰਦਿਸ਼ਾਂ, ਰੋਕਾਂ ਅਤੇ ਮਨਾਹੀਆਂ ਕਾਰਨ ਔਰਤ ਦੀਆਂ ਦੱਬੀਆਂ-ਘੁੱਟੀਆਂ ਭਵਨਾਵਾਂ ਅਤੇ ਜਜ਼ਬਾਤਾਂ ਦਾ ਪ੍ਰਗਟਾਵਾ ਕਰਦੇ ਹਨ। ਗੀਤਾਂ ਰਾਹੀਂ ਔਰਤ ਦੀ ਸਮਾਜਿਕ ਸਥਿਤੀ ਦੀ ਜਾਣਕਾਰੀ ਮਿਲਦੀ ਹੈ ਅਤੇ ਉਸਦੇ ਅਚੇਤ ਪੱਧਰ ’ਤੇ ਚਲ ਰਹੀ ਰਿਸ਼ਤਿਆਂ ਦੀ ਕਾਰਜਸ਼ੀਲਤਾ ਉੱਭਰ ਕੇ ਸਾਹਮਣੇ ਆਉਂਦੀ ਹੈ। ਗੀਤ ਇਸ ਤੱਥ ਨੂੰ ਸਾਹਮਣੇ ਲਿਆਉਂਦੇ ਹਨ ਕਿ ਸੁਚੇਤ ਪੱਧਰ ’ਤੇ ਔਰਤ ਸਮਾਜ ਵਿੱਚ ਵਿਚਰਦੀ ਸਮਾਜਿਕ ਪ੍ਰਬੰਧ ਅਤੇ ਕਦਰਾਂ-ਕੀਮਤਾਂ ਨੂੰ ਸਵੀਕਾਰਦੀ ਹੈ ਪਰ ਅਚੇਤ ਪੱਧਰ ’ਤੇ ਸਮਾਜਿਕ ਪ੍ਰਬੰਧ ਵੱਲੋਂ ਉਸ ਲਈ ਉਸਾਰੇ ਸੌੜੇ ਦਾਇਰੇ ਵਿੱਚ ਕੇਂਦਰਿਤ ਕੀਤੀ ਗਈ ਆਪਣੀ ਹੋਂਦ ਪ੍ਰਤੀ ਉਹ ਚੇਤੰਨ ਹੈ। ਸਿੱਧੇ ਤੌਰ ’ਤੇ ਤਾਂ ਉਹ ਸਮੱਸਿਆਵਾਂ ਨੂੰ ਸਮਾਜ ਦੇ ਸਾਹਮਣੇ ਨਹੀਂ ਰੱਖ ਸਕਦੀ ਪਰ ਅਸਿੱਧੇ ਤੌਰ ’ਤੇ ਗੀਤਾਂ ਦੇ ਜ਼ਰੀਏ ਸਮਾਜ ਪ੍ਰਤੀ ਆਪਣੀ ਸਮਝ ਅਤੇ ਸਮੱਸਿਆਵਾਂ ਦੀ ਪੇਸ਼ਕਾਰੀ ਕਰਦੀ ਹੈ।

ਕੁਦਰਤ ਦਾ ਅਨਿੱਖੜ ਅੰਗ ਹੋਣ ਕਰਕੇ ਮਨੁੱਖ ਅੰਦਰ ਜ਼ਿੰਦਗੀ ਜਿਉਣ ਦੀਆਂ ਬੁਨਿਆਦੀ ਲੋੜਾਂ ਅਤੇ ਇੱਛਾਵਾਂ ਹਨ। ਪਰ ਸਮਾਜਿਕ ਪ੍ਰਬੰਧ ਦਾ ਹਿੱਸਾ ਬਣਨ ਕਰਕੇ ਉਹ ਆਪਣੀਆਂ ਤਾਂਘਾਂ ਨੂੰ ਇੱਕ ਰੂਪ ਦਿੰਦਾ ਹੈ। ਮਨੁੱਖ ਦੁਆਰਾ ਉਸਾਰਿਆ ਸਮਾਜਿਕ ਪ੍ਰਬੰਧ ਸਮਾਜਿਕ ਨਿਯਮਾਵਲੀ, ਕਦਰਾਂ-ਕੀਮਤਾਂ ਅਤੇ ਬੰਦਿਸ਼ਾਂ ਦਾ ਸੰਯੁਕਤ ਰੂਪ ਹੈ ਜੋ ਇੱਕ ਵਿਅਕਤੀ ਦੀ ਵਿਅਕਤੀਗਤ ਹੋਂਦ ਨੂੰ ਖ਼ਤਮ ਕਰਕੇ ਉਸਨੂੰ ਸਮਾਜਿਕ ਪ੍ਰਬੰਧ ਦਾ ਹਿੱਸਾ ਬਣਾਉਂਦਾ ਹੈ ਅਤੇ ਉਸਦੀਆਂ ਲੋੜਾਂ ਅਤੇ ਇੱਛਾਵਾਂ ਨੂੰ ਕੇਂਦਰਿਤ ਕਰਦਾ ਹੈ ਪਰ ਮਨੁੱਖੀ ਮਨ ਦੀਆਂ ਇੱਛਾਵਾਂ ਅਤੇ ਜਜ਼ਬਾਤ ਨਿਸ਼ਚਿਤ ਕੀਤੇ ਗਏ ਸੌੜੇ ਸਮਾਜਿਕ ਪ੍ਰਬੰਧ ਵਿੱਚ ਤ੍ਰਿਪਤ ਨਹੀਂ ਹੁੰਦੇ ਅਤੇ ਅਜਿਹੀਆਂ ਅਤ੍ਰਿਪਤ ਇੱਛਾਵਾਂ ਅਤੇ ਜਜ਼ਬਾਤ ਮਨੁੱਖ ਦੇ ਅਚੇਤ ਮਨ ਦਾ ਹਿੱਸਾ ਬਣ ਜਾਂਦੇ ਹਨ। ਇਹ ਮਨੁੱਖੀ ਮਨ

ਦੀ ਸੁਭਾਵਿਕਤਾ ਹੈ ਕਿ ਸਮਾਜਿਕ ਪ੍ਰਬੰਧ ਵਿੱਚ ਰਹਿੰਦਿਆਂ ਉਹ ਜਿਸ ਇੱਛਾ ਨੂੰ ਜਿੰਨਾਂ ਜ਼ਿਆਦਾ ਦਬਾ ਕੇ ਰੱਖਦਾ ਹੈ ਉਹ ਉਨੀ ਹੀ ਪ੍ਰਬਲਤਾ ਨਾਲ ਉਸਦੇ ਅਚੇਤ ਮਨ ਦਾ ਹਿੱਸਾ ਬਣ ਜਾਂਦੀ ਹੈ। ਇਹ ਪ੍ਰਬਲਤਾ ਮਰਦ ਮਨ ਨਾਲੋਂ ਔਰਤ ਮਨ ਵਿੱਚ ਵਧੇਰੇ ਕਾਰਜਸ਼ੀਲ ਹੁੰਦੀ ਹੈ ਕਿਉਂਕਿ ਸਮਾਜਿਕ ਪ੍ਰਬੰਧ ਵਿੱਚ ਔਰਤ ਦੇ ਸੁਪਨਿਆਂ, ਉਮੰਗਾਂ, ਇੱਛਾਵਾਂ ਨੂੰ ਮਰਦ ਦੁਆਰਾ ਬਣਾਏ ਸਮਾਜ ਦੇ ਕਾਇਦੇ ਕਾਨੂੰਨਾਂ ਨੇ ਇਨਾਂ ਕੁ ਸੰਗੋੜਿਆ ਹੋਇਆ ਹੈ ਕਿ ਉਹ ਖੁੱਲ੍ਹ ਕੇ ਆਪਣੀ ਕਿਸੇ ਵੀ ਇੱਛਾ ਦੀ ਪੂਰਤੀ ਨਹੀਂ ਕਰ ਸਕਦੀ। ਇਸ ਲਈ ਜਦੋਂ ਸਮਾਜਿਕ ਪ੍ਰਬੰਧ ਅੰਦਰ ਰਹਿ ਕੇ ਮਨੁੱਖ ਆਪਣੀਆਂ ਇੱਛਾਵਾਂ ਦੀ ਪੂਰਤੀ ਨਹੀਂ ਕਰ ਪਾਉਂਦਾ ਤਾਂ ਉਸ ਪ੍ਰਬੰਧ ਨਾਲ ਇੱਕ ਵਿਰੋਧ ਦਾ ਰਿਸ਼ਤਾ ਕਾਇਮ ਹੋ ਜਾਂਦਾ ਹੈ। ਇਸੇ ਵਿਰੋਧ ਵਿੱਚੋਂ ਸਮਾਜ ਦੀਆਂ ਗ਼ਲਤ ਕਦਰਾਂ-ਕੀਮਤਾਂ ਪ੍ਰਤੀ ਸੰਘਰਸ਼ ਦਾ ਰਿਸ਼ਤਾ ਉਤਪੰਨ ਹੁੰਦਾ ਹੈ ਜੋ ਉਸਦੀਆਂ ਸਿਰਜਣਾਵਾਂ ਵਿੱਚ ਉੱਭਰ ਕੇ ਸਾਹਮਣੇ ਆਉਂਦਾ ਹੈ ਉਹਨਾਂ ਸਿਰਜਣਾਵਾਂ ਵਿੱਚ ਦੋ ਚੀਜ਼ਾਂ ਸਮਾਂਤਰ ਰੂਪ ਵਿੱਚ ਚਲਦੀਆਂ ਹਨ, ਜਿੱਥੇ ਇੱਕ ਪਾਸੇ ਇਹਨਾਂ ਸਿਰਜਣਾਵਾਂ ਵਿੱਚ ਸਮਾਜਿਕ ਕਦਰਾਂ ਕੀਮਤਾਂ ਸਮਾਜਿਕ ਨਿਯਮਾਂਵਲੀ ਅਤੇ ਸਮਾਜ ਦੀ ਸੋਚ ਸਾਹਮਣੇ ਆਉਂਦੀ ਹੈ, ਉੱਥੇ ਦੂਜੇ ਪਾਸੇ ਸਮੂਹਿਕ ਅਵਚੇਤਨ ਮਨ ਕਾਰਜਸ਼ੀਲ ਹੋ ਕੇ ਆਪਣੀਆਂ ਅਤ੍ਰਿਪਤ ਭਾਵਨਾਵਾਂ ਅਤੇ ਇੱਛਾਵਾਂ ਦੀ ਪੂਰਤੀ ਕਰਦਾ ਹੈ। ਇਸ ਤਰ੍ਹਾਂ ਇਹਨਾਂ ਸਿਰਜਣਾਵਾਂ ਵਿੱਚ ਵੀ ਸਮਾਂਤਰ ਕਦਰਾਂ-ਕੀਮਤਾਂ ਦਾ ਵਿਰੋਧ ਦੇਖਣ ਨੂੰ ਮਿਲਦਾ ਹੈ ਇਹ ਸਿਰਜਣਾਵਾਂ ਸਮਾਜ ਅਤੇ ਸੱਭਿਆਚਾਰ ਦੇ ਢਾਂਚੇ ਨੂੰ ਤਾਂ ਪ੍ਰਗਟ ਕਰਦੀਆਂ ਹੀ ਹਨ ਨਾਲ ਹੀ ਔਰਤ ਦੇ ਸਮਾਜ ਪ੍ਰਤੀ ਦ੍ਰਿਸ਼ਟੀਕੋਣ ਨੂੰ ਵੀ ਸਾਹਮਣੇ ਲਿਆਉਂਦੀਆਂ ਹਨ। ਇਹੀ ਕਾਰਨ ਹੈ ਕਿ ਇਹਨਾਂ ਸਿਰਜਣਾਵਾਂ ਦਾ ਬਾਹਰੀ ਢਾਂਚਾ ਤਾਂ ਭਾਵੇਂ ਇੱਕੋ ਜਿਹਾ ਹੀ ਰਹਿੰਦਾ ਹੈ ਪਰ ਸਮਾਂ ਬਦਲਣ ਦੇ ਨਾਲ ਇਸ ਵਿਚਲੀ ਵਸਤੂ ਵਿੱਚ ਤਬਦੀਲੀ ਆਉਣੀ ਲਾਜ਼ਮੀ ਬਣ ਜਾਂਦੀ ਹੈ।

ਪੰਜਾਬੀ ਸਮਾਜ ਮਰਦ ਪ੍ਰਧਾਨ ਸਮਾਜ ਹੈ। ਇਸ ਸਮਾਜ ਵਿੱਚ ਜਿੱਥੇ ਮਰਦ ਨੂੰ ਆਪਣੀ ਹਰ ਇੱਛਾ ਦੀ ਜਾਇਜ਼ ਜਾਂ ਨਾਜਾਇਜ਼ ਢੰਗ ਨਾਲ ਪੂਰਤੀ ਕਰਨ ਦੀ ਖੁੱਲ੍ਹ ਹੈ ਉੱਥੇ ਔਰਤ ਦਾ ਹਰ ਹੱਦ ਤੱਕ ਆਪਣੇ ਜਜ਼ਬਾਤਾਂ ਅਤੇ ਇੱਛਾਵਾਂ ਨੂੰ ਘੁੱਟ ਕੇ ਰੱਖਣਾ ਉਸਦੇ ਇਖ਼ਲਾਕੀ ਗੁਣ ਗਿਣੇ ਜਾਂਦੇ ਹਨ। ਤੇ ਸਾਰੀ ਉਮਰ ਹੀ ਉਹ ਇਹਨਾਂ ਉੱਤੇ ਪੂਰਾ ਉਤਰਨ ਦੀ ਕੋਸ਼ਿਸ਼ ਵਿੱਚ ਉਹਨਾਂ ਉੱਤੇ ਪਹਿਰਾ ਦਿੰਦੀ ਹੈ। ਕਿਸੇ ਔਰਤ ਨੂੰ ਸਮਾਜ ਦੁਆਰਾ ਨਿਸ਼ਚਿਤ ਕੀਤੀ ਗਈ ਸਥਿਤੀ ਤੋਂ ਬਾਹਰ ਨਿਕਲ ਕੇ ਇੱਕ ਵਿਅਕਤੀ ਦੇ ਤੌਰ ’ਤੇ ਵਿਚਰਨ ਦੀ ਆਗਿਆ ਨਹੀਂ ਹੈ। ਉਸ ਦੁਆਰਾ ਕਾਇਮ ਕੀਤੇ ਹਰ ਸਬੰਧ ਦਾ ਆਧਾਰ ਉਸਦੀ ਸਮਾਜਿਕ ਸਥਿਤੀ ਅਤੇ ਸਾਕਾਦਾਰੀ ਪ੍ਰਣਾਲੀ ਹੁੰਦੀ ਹੈ। ਔਰਤ ਦਾ ਸੰਸਾਰ ਉਸਦਾ ਘਰ ਹੈ। ਘਰ ਨਾਲ ਪੂਰੀ ਤਰ੍ਹਾਂ ਜੁੜੀ ਹੋਣ ਕਰਕੇ ਔਰਤ ਦੇ ਅਚੇਤ ਮਨ ਵਿੱਚ ਮਰਦ ਨਾਲੋਂ ਕਿਤੇ ਵੱਧ ਜ਼ਿੰਦਗੀ ਪ੍ਰਤੀ ਸਮਝ, ਪਿਆਰ, ਇੱਛਾਵਾਂ ਅਤੇ ਸਮਾਜ ਵੱਲੋਂ ਤੈਅ ਕੀਤੇ ਰਿਸ਼ਤਿਆਂ ਪ੍ਰਤੀ ਸਮਝ ਪਈ ਹੁੰਦੀ ਹੈ। ਉਹਨਾਂ ਜਜ਼ਬਿਆਂ ਦਾ ਪ੍ਰਗਟਾਵਾਂ ਕਿਉਂਕਿ ਉਹ ਖੁੱਲ੍ਹ ਕੇ ਨਹੀਂ ਕਰ ਸਕਦੀ ਇਸ ਲਈ ਉਸਦੇ ਇਹ ਜਜ਼ਬਾਤ ਲੋਕ-ਕਲਾਵਾਂ ਰਾਹੀਂ ਉੱਘੜ ਕੇ ਸਾਹਮਣੇ ਆਉਂਦੇ ਹਨ।

ਸਮਾਜ ਦੇ ਦਾਇਰੇ ਵਿੱਚ ਕੇਂਦਰਿਤ ਕੀਤੀ ਗਈ ਔਰਤ ਉੱਪਰਲੀ ਪੱਧਰ ’ਤੇ ਤਾਂ ਆਪਣੇ ਹਰ ਉਸ ਜਜ਼ਬਾਤ, ਜਿਸ ਨੂੰ ਸਮਾਜਿਕ ਪਰਵਾਣਗੀ ਨਹੀਂ ਮਿਲ ਸਕਦੀ, ਨੂੰ ਉੱਪਰਲੀ ਪੱਧਰ ’ਤੇ ਤਾਂ ਅਣਗੌਲਿਆਂ ਕਰਦੀ ਹੈ ਪਰ ਸਮਾਜ ਵਿੱਚ ਹੀ ਲੋਕ–ਕਲਾਵਾਂ ਦੇ ਰੂਪ ਵਿੱਚ ਉਸਨੂੰ ਇੱਕ ਅਜਿਹਾ ਪ੍ਰਵਾਣਿਤ ਸਮਾਜਿਕ ਪ੍ਰਬੰਧ ਮਿਲਦਾ ਹੈ ਜਿਸ ਰਾਹੀਂ ਉਸਦੀਆਂ ਦੱਬੀਆਂ-ਘੁੱਟੀਆਂ ਉਮੰਗਾਂ ਦਾ ਨਿਕਾਸ ਹੁੰਦਾ ਹੈ। ਲੋਕ ਗੀਤਾਂ ਦੀ ਸਿਰਜਣ ਪ੍ਰਕਿਰਿਆ ਅਧੀਨ ਔਰਤ ਆਪਣੀਆਂ ਅਪ੍ਰਤੱਖ ਪੱਧਰ (Immanent level) ’ਤੇ ਪਈਆਂ ਇੱਛਾਵਾਂ ਨੂੰ ਚਿੰਨ੍ਹਾਂ ਰਾਹੀਂ ਲੋਕ ਗੀਤਾਂ ਵਿੱਚ ਲਿਆ ਕੇ ਉਹਨਾਂ ਦਾ ਪ੍ਰਤੱਖੀਕਰਨ (Manifestation) ਕਰਦੀ ਹੈ। ਲੋਕ-ਗੀਤਾਂ ਦੀ ਇਸ ਪ੍ਰਕਿਰਿਆ ਵਿੱਚ ਔਰਤ ਦਾ ਸੁਚੇਤ ਅਤੇ ਅਚੇਤ ਮਨ (Conscious and Unconscious Mind) ਨਾਲੋਂ ਨਾਲ ਚਲਦਾ ਹੈ। ਸੁਚੇਤ ਮਨ ਵੱਲੋਂ ਰੱਦ ਕੀਤੇ ਗਏ ਵਿਚਾਰ ਅਚੇਤ ਮਨ ਦਾ ਹਿੱਸਾ ਬਣ ਜਾਂਦੇ ਹਨ ਅਤੇ ਇਹਨਾਂ ਵਿਚਾਰਾਂ ਦੀ ਇਹ

ਲੜੀਬੱਧਤਾ ਹੀ ਸਿਰਜਣਾਤਮਕ ਵਿਚਾਰਾਂ ਨੂੰ ਜਨਮ ਦਿੰਦੀ ਹੈ। ਇਸ ਪ੍ਰਕਿਰਿਆ ਅਧੀਨ ਗੀਤ ਔਰਤ ਦੇ ਅਚੇਤ ਮਨ ਦੀ ਉਪਜ ਹੋਣ ਕਰਕੇ ਸਮਾਜਿਕ ਪ੍ਰਬੰਧ ਵਿੱਚ ਉਸਦੀਆਂ ਸਮੱਸਿਆਵਾਂ, ਸਮਾਜ ਪ੍ਰਤੀ ਉਸਦੀ ਸਮਝ ਨੂੰ ਚਿਨ੍ਹਾਂ (Sign) ਅਤੇ ਪ੍ਰਤੀਕਾਂ (Symbol) ਰਾਹੀਂ ਸਾਡੇ ਸਾਹਮਣੇ ਲਿਆਂਉਂਦੇ ਹਨ। ਇਹ ਗੀਤ ਇੱਕ ਚਿੰਨ੍ਹ-ਪ੍ਰਬੰਧ (Sign System) ਦੀ ਸਿਰਜਣਾ ਕਰਦੇ ਹਨ ਜੋ ਇੱਕ ਪਾਸੇ ਰਚਨਾ ਨੂੰ ਜਿੱਥੇ ਗੁੰਝਲਦਾਰ ਬਣਾਉਂਦੇ ਹਨ ਉੱਥੇ ਦੂਜੇ ਪਾਸੇ ਔਰਤ ਦੇ ਅਪ੍ਰਤੱਖ ਪੱਧਰ ’ਤੇ ਪਏ ਵਿਚਾਰਾਂ ਨੂੰ ਸਾਹਮਣੇ ਲਿਆਉਂਦੇ ਹਨ।

ਮੇਲਿਆਂ, ਤ੍ਰਿੰਝਣਾ, ਤਿਉਹਾਰਾਂ ’ਤੇ ਇੱਕਠੀਆਂ ਹੋਈਆਂ ਔਰਤਾਂ ਵੱਲੋਂ ਇਹ ਗੀਤ ਸਿਰਜੇ ਜਾਂਦੇ ਹਨ। ਇਹ ਲੋਕ ਗੀਤ ਇੱਕ ਔਰਤ ਮਨ ਤੋਂ ਸ਼ੁਰੂ ਹੋ ਕੇ ਬਾਕੀ ਔਰਤਾਂ ਦੇ ਮਨਾਂ ਵਿੱਚੋਂ ਲੰਘਦਾ ਹੋਇਆ ਸੰਪੂਰਨ ਹੁੰਦਾ ਹੈ ਅਤੇ ਔਰਤਾਂ ਵੱਲੋਂ ਸਮੂਹਿਕ ਤੌਰ ’ਤੇ ਉਸ ਗੀਤ ਦਾ ਗਾਇਆ ਜਾਣਾ ਹੀ ਗੀਤ ਦੀ ਸਮਾਜਿਕ ਪ੍ਰਵਾਣਗੀ ਬਣਦੀ ਹੈ। ਇਹ ਗੀਤ ਉੱਪਰਲੀ ਪੱਧਰ ’ਤੇ ਤਾਂ ਜਿੰਨੇ ਮਿੱਠੇ ਅਤੇ ਸਰਲ ਲੱਗਦੇ ਹਨ ਪਰ ਅੰਦਰੂਨੀ ਤੌਰ ’ਤੇ ਉਹਨਾਂ ਵਿੱਚ ਜ਼ਿੰਦਗੀ ਦੇ ਡੂੰਘੇ ਅਰਥ ਛੁਪੇ ਹੁੰਦੇ ਹਨ। ਇਹ ਜ਼ਿੰਦਗੀ ਦੇ ਯਥਾਰਤ ਦੀ ਪੇਸ਼ਕਾਰੀ ਕਰਦੇ ਹਨ। ਗੀਤਾਂ ਦੀ ਅੰਦਰੂਨੀ ਬਣਤਰ (Deep Structure) ਔਰਤ ਦੇ ਅੰਦਰਲੇ ਆਪੇ ਨੂੰ ਬਿਆਨ ਕਰਦੀ ਹੈ। ਔਰਤਾਂ ਵੱਲੋਂ ਸਿਰਜੇ ਗਏ ਇਹ ਗੀਤ ਜ਼ਿੰਦਗੀ ਦੇ ਕਿਸੇ ਵੀ ਹਿੱਸੇ ਨੂੰ ਰੱਦ ਨਹੀਂ ਕਰਦੇ ਇਸ ਲਈ ਇਹਨਾਂ ਗੀਤਾਂ ਵਿੱਚ ਕੋਈ ਵੀ ਹਿੱਸਾ ਬੇਲੋੜਾ ਅਤੇ ਅਰਥਹੀਣ ਨਹੀਂ ਹੁੰਦਾ। ਪੀੜੀ-ਦਰ-ਪੀੜੀ ਤੁਰਦੇ ਹੋਏ ਇਹਨਾਂ ਗੀਤਾਂ ਵਿੱਚ ਸਮੇਂ ਦੀ ਲੋੜ ਅਨੁਸਾਰ ਕੁੱਝ ਟੁੱਟਦਾ ਅਤੇ ਜੁੜਦਾ ਜਾਂਦਾ ਹੈ। ਲੋਕ-ਗੀਤ ਜ਼ਿੰਦਗੀ ਦੇ ਹਰ ਮੌਕੇ ਨਾਲ ਸਬੰਧਿਤ ਹੁੰਦੇ ਹਨ। ਰਸਮਾਂ ਅਤੇ ਉਸ ਮੌਕੇ ਗਾਇਆ ਜਾਣ ਵਾਲਾ ਗੀਤ ਅਪ੍ਰਤੱਖ ਤੌਰ ’ਤੇ ਸਮਾਜਿਕ ਢਾਂਚੇ ਨੂੰ ਪੇਸ਼ ਕਰਦਾ ਹੈ। ਵਿਆਹ ਸਮੇਂ ਰਸਮਾਂ ਦੀ ਲੜੀਦਾਰ ਅਦਾਇਗੀ ਅਤੇ ਗੀਤਾਂ ਦਾ ਅਰੋਕ ਪ੍ਰਵਾਹ ਕਿਸੇ ਸਮਾਜ ਵਿੱਚ ਔਰਤ ਅਤੇ ਮਰਦ ਦੀ ਸਥਿਤੀ, ਸਾਕਾਦਾਰੀ ਪ੍ਰਣਾਲੀ ਅਤੇ ਸਮਾਜਿਕ ਨਿਯਮਾਵਲੀ ਨੂੰ ਸਾਹਮਣੇ ਲਿਆਉਂਦੀ ਹੈ। ਵਿਆਹ ਪ੍ਰਣਾਲੀ ਰਾਹੀਂ ਔਰਤ ਅਤੇ ਮਰਦ ਦੇ ਸਬੰਧਾਂ ਨੂੰ ਸਮਾਜਿਕ ਰੂਪ ਦਿੱਤਾ ਜਾਂਦਾ ਹੈ। ਜਿਸ ਰਾਹੀਂ ਪਰਿਵਾਰਿਕ ਸੰਸਥਾ ਅਤੇ ਇਸ ਸੰਸਥਾ ਨਾਲ ਜੁੜੇ ਰਿਸ਼ਤੇ ਹੋਂਦ ਵਿੱਚ ਆਉਂਦੇ ਹਨ। ਔਰਤ ਦੇ ਮਨ ਦੀਆਂ ਕਈ ਪਰਤਾਂ ਹਨ, ਉਸਦੇ ਮਨ ਅੰਦਰ ਕਈ ਭਾਵ ਪਏ ਹੁੰਦੇ ਹਨ। ਇਸ ਲਈ ਜਦੋਂ ਮਨੁੱਖ ਅੱਡ-ਅੱਡ ਰਿਸ਼ਤਿਆਂ ਵਿੱਚ ਦਾਖਲ ਹੁੰਦਾ ਹੈ ਤਾਂ ਉਸਦੀ ਮਾਨਸਿਕਤਾ ਇਹਨਾਂ ਰਿਸ਼ਤਿਆਂ ਰਾਹੀਂ ਉੱਭਰ ਕੇ ਸਾਹਮਣੇ ਆਉਂਦੀ ਹੈ। ਔਰਤ ਪਰਿਵਾਰਿਕ ਸੰਸਥਾ ਦਾ ਧੁਰਾ ਹੈ। ਉਹ ਸਮਾਜ ਦੁਆਰਾ ਤੈਅ ਕੀਤੇ ਗਏ ਰਿਸ਼ਤੇ ਅਤੇ ਰਿਸ਼ਤਿਆਂ ਦੇ ਤਾਣੇ-ਬਾਣੇ ਨੂੰ ਸਵੀਕਾਰਦੀ ਅਤੇ ਉਹਨਾਂ ਵਿੱਚ ਵਿਚਰਦੀ ਹੈ ਜਿੱਥੇ ਇਹਨਾਂ ਰਿਸ਼ਤਿਆਂ ਪ੍ਰਤੀ ਉਸਦੀ ਅਚੇਤ ਮਨ ਵਿੱਚ ਪਈ ਸਮਝ ਗੀਤਾਂ ਰਾਹੀਂ ਉੱਭਰ ਕੇ ਸਾਹਮਣੇ ਆਉਂਦੀ ਹੈ ਉੱਥੇ ਸਮਾਜ ਵੱਲੋਂ ਅਪ੍ਰਵਾਣਿਤ ਕੀਤੀਆਂ ਸੱਧਰਾਂ ਦਾ ਪ੍ਰਗਟਾਵਾ ਵੀ ਉਹ ਇਹਨਾਂ ਗੀਤਾਂ ਰਾਹੀਂ ਕਰ ਲੈਂਦੀ ਹੈ।

ਔਰਤ ਦੀ ਜ਼ਿੰਦਗੀ ਵਿੱਚ ਗੀਤਾਂ ਦੀ ਲੜੀ ਸਾਰੀ ਉਮਰ ਹੀ ਕਾਰਜਸ਼ੀਲ ਰਹਿੰਦੀ ਹੈ। ਵਿਆਹ ਮਨੁੱਖ ਦੀ ਜ਼ਿੰਦਗੀ ਦਾ ਅਹਿਮ ਪੜਾਅ ਹੈ। ਉਸਨੇ ਇੱਕ ਨਵੀਂ ਜ਼ਿੰਦਗੀ ਵਿੱਚ ਦਾਖਲ ਹੋਣਾ ਹੁੰਦਾ ਹੈ ਜੋ ਉਸਦੀ ਆਪਣੀ ਚੋਣ ਨਹੀਂ ਹੁੰਦੀ। ਉਸਦੀ ਮਾਨਸਿਕਤਾ ਨੂੰ ਇੱਕ ਵੱਡੇ ਪਰਿਵਰਤਨ ਵਿੱਚੋਂ ਲੰਘਣਾ ਪੈਂਦਾ ਹੈ ਇਸ ਲਈ ਇਸ ਮੌਕੇ ’ਤੇ ਲੜੀਵਾਰ ਆਈਆਂ ਰਸਮਾਂ ਅਤੇ ਰਸਮਾਂ ਸਮੇਂ ਗਾਏ ਜਾਣ ਵਾਲੇ ਗੀਤ ਉਸਦੀ ਮਾਨਸਿਕਤਾ ਨੂੰ ਉਸਦੀ ਜ਼ਿੰਦਗੀ ਵਿੱਚ ਆਉਣ ਵਾਲੇ ਪਰਿਵਰਤਨ ਲਈ ਹੌਲੀ-ਹੌਲੀ ਤਿਆਰ ਕਰਦੇ ਹਨ। ਭਾਵੇਂ ਉਹ ਪਰਿਵਰਤਨ ਔਰਤ ਅਤੇ ਮਰਦ ਦੋਹਾਂ ਦੀ ਜ਼ਿੰਦਗੀ ਨਾਲ ਜੁੜਿਆ ਹੈ ਪਰ ਔਰਤ ਲਈ ਇਹ ਪਰਿਵਰਤਨ ਬਹੁਤ ਅਹਿਮ ਹੈ ਜਿਸ ਨਾਲ ਉਸਨੇ ਆਪਣੇ ਜਨਮ ਦੇ ਘਰ ਨੂੰ ਛੱਡ ਕੇ ਇੱਕ ਨਵੇਂ ਬਣੇ ਘਰ ਅਤੇ ਨਵੇਂ ਰਿਸ਼ਤਾਂ ਦੇ ਤਾਣੇ ਬਾਣੇ ਵਿੱਚ ਵਿਚਰਨਾਂ ਹੁੰਦਾ ਹੈ। ਗੀਤਾਂ ਦੇ ਜ਼ਰੀਏ ਉਸਨੇ ਆਉਣ ਵਾਲੀ ਜ਼ਿੰਦਗੀ ਅਤੇ ਉਸ ਨਾਲ ਜੁੜਨ ਵਾਲੇ ਪਿਆਰ-ਤਕਰਾਰ ਵਾਲੇ ਰਿਸ਼ਤਿਆਂ ਨਾਲ ਸਾਂਝ ਪੁਆਈ ਜਾਂਦੀ ਹੈ। ਗੀਤ ਔਰਤਾਂ ਵੱਲੋਂ ਗਾਏ ਜਾਂਦੇ ਹਨ ਇਸ ਲਈ ਰਸਮਾਂ ਭਾਵੇਂ ਮੁੰਡੇ ਦੇ ਵਿਆਹ ਦੀਆਂ ਹੋਣ

ਜਾਂ ਕੁੜੀ ਦੇ ਵਿਆਹ ਦੀਆਂ, ਔਰਤਾਂ ਅਜਿਹੇ ਮੌਕਿਆਂ ’ਤੇ ਗੀਤਾਂ ਦੇ ਜ਼ਰੀਏ ਆਪਣੀ ਮਨੋਸਥਿਤੀ ਅਤੇ ਸਮਾਜਿਕ ਰਿਸ਼ਤਿਆਂ ਪ੍ਰਤੀ ਆਪਣੇ ਦ੍ਰਿਸ਼ਟੀਕੋਣ ਦਾ ਪ੍ਰਗਟਾਵਾ ਕਰਦੀਆਂ ਹਨ। ਸਮਾਜਿਕ ਪ੍ਰਬੰਧ ਵਿੱਚ ਔਰਤ ਲਈ ਪਹਿਲਾਂ ਤੋਂ ਹੀ ਧੀ, ਭੈਣ, ਪਤਨੀ, ਨੂੰਹ, ਦਰਾਣੀ, ਜਠਾਣੀ, ਮਾਂ ਅਤੇ ਸੱਸ ਦੇ ਰਿਸ਼ਤੇ ਤੈਅ ਕਰ ਦਿੱਤੇ ਗਏ ਹਨ ਇਸ ਲਈ ਉਹ ਇਹਨਾਂ ਰਿਸ਼ਤਿਆਂ ਵਿੱਚ ਤਾਂ ਵਿਚਰ ਸਕਦੀ ਹੈ ਪਰ ਪ੍ਰੇਮਿਕਾ ਦੇ ਨਹੀਂ। ਪਰ ਇੱਕ ਸਮਾਜਿਕ ਪ੍ਰਾਣੀ ਹੋਣ ਕਰਕੇ ਉਸ ਦੇ ਮਨ ਅੰਦਰ ਵੀ ਮੋਹ ਅਤੇ ਪਿਆਰ ਦੇ ਜਜ਼ਬੇ ਹਨ। ਜਿਸਨੂੰ ਉਹ ਸਮਾਜ ਦੁਆਰਾ ਪ੍ਰਵਾਣਿਤ ਰਿਸ਼ਤੇ ਪਤੀ ਨਾਲੋਂ ਉਸਦੇ ਅਚੇਤ ਮਨ ਵਿੱਚ ਪਏ ਮਾਹੀਂ ਦੇ ਸੰਕਲਪ ਨਾਲ ਪੁਰਿਆਂ ਕਰਨਾ ਲੋਚਦੀ ਹੈ। ਉਸਦਾ ਅਚੇਤ ਮਨ ਹਰ ਤਰ੍ਹਾਂ ਦੇ ਦਾਇਰੇ ਅਤੇ ਹੱਦਬੰਦੀਆਂ ਨੂੰ ਨਕਾਰਦਾ ਹੈ। ਭਾਰਤੀ ਸਮਾਜਿਕ ਅਤੇ ਸੱਭਿਆਚਾਰਕ ਪਰੰਪਰਾ ਵਿੱਚ ਔਰਤ ਅਤੇ ਮਰਦ ਦੇ ਸਬੰਧਾਂ ਦਾ ਜੋ ਮੁੱਢਲਾ ਸੰਕਲਪ ਸਵੀਕਾਰਿਆ ਗਿਆ ਹੈ, ਉਸਦਾ ਦਹੁਰਾਉ, ਕਿੱਸਿਆਂ ਕਹਾਣੀਆਂ ਅਤੇ ਗੀਤਾਂ ਵਿੱਚ ਵੀ ਮਿਲਦਾ ਹੈ ਜਿਵੇਂ

‘ਬਾਜਰੇ ਨਾ ਸਿੱਟਾ ਅਸਾਂ ਤੱਲੀ ਤੈ ਮਰੋੜਿਆ,

ਰੁਠੜਾ ਜਾਨੈ ਮਾਹੀਆ ਵੇ, ਅਸਾਂ ਗੱਲੀ ਵਿੱਚੋਂ ਮੋੜਿਆ।’

....

‘ਹਿੱਥੇ ਮੈਂਡਾ ਰਾਂਝਣ ਆਇਆ, ਅੱਖੀਆਂ ਦਾ ਚਾਨਣ ਆਇਆ,

ਘਾਰ ਨੀ ਵੱਸਣੀ ਆਈ ਆ, ਖਿੱਲ-ਖਿੱਲ ਹੱਸਣੀ ਆਈ ਆ।’

ਔਰਤ ਨੂੰ ਪ੍ਰਤੱਖ ਤੌਰ ’ਤੇ ਬਾਬਲ ਵੱਲੋਂ ਕੀਤੀ ਗਈ ਚੋਣ ’ਤੇ ਕਿੰਤੂ ਕਰਨ ਦਾ ਕੋਈ ਹੱਕ ਨਹੀਂ ਪਰ ਗੀਤਾਂ ਰਾਹੀਂ ਹਾਸੇ-ਹਾਸੇ ਵਿੱਚ ਉਹ ਆਪਣੇ ਉਹਨਾਂ ਭਾਵਾਂ ਦਾ ਵੀ ਪ੍ਰਗਟਾਵਾ ਕਰ ਦਿੰਦੀ ਹੈ ਜਿਵੇਂ

‘ਬਾਬਲੇ ਵਰ ਹਿਹ ਕੈ ਦਿੱਤੜਾਈ, ਚੁਲ੍ਹੀ ਪਿੱਛੇ ਚਲੇਰੀ,

ਮਾਊ ਪਿਊ ਨਾ ਕਿਝ ਨਾ ਗੁੰਮਿਆ, ਸੜੀ ਜਵਾਨੀ ਮੇਰੀ।’

ਜਿੱਥੇ ਗੀਤਾਂ ਰਾਹੀਂ ਉਹ ਬਾਬਲ ਵੱਲੋਂ ਕੀਤੀ ਗਈ ਚੋਣ ਦਾ ਵਿਰੋਧ ਜ਼ਾਹਰ ਕਰਦੀ ਹੋਈ ਨਜ਼ਰ ਆਉਂਦੀ ਹੈ ਉੱਥੇ ਉਸਦਾ ਅਚੇਤ ਮਨ ਸਮਾਜਿਕ ਕਾਇਦੇ-ਕਾਨੂੰਨਾਂ ਨੂੰ ਨਕਾਰਦਾ ਹੋਇਆ ਵਰ ਤੇ ਘਰ ਚੁਨਣ ਦੀ ਖੁੱਲ੍ਹ ਨੂੰ ਬਿਆਨ ਕਰਦਾ ਹੈ ਜਿਵੇਂ

‘ਜਿੱਥੈ ਘੜਤ ਘੜੇ ਸੁਨਿਆਰ ਵੇ, ਹਿਕ ਪਾਵਾਂ ਦੂਜਾ ਡਬੜੇ,

ਮਹਿੰਡਾ ਗਹਿਣਾਂ ਦੇ ਵਿੱਚ ਹੱਥ, ਬਾਬਲ ਤੈਂਡਾਂ ਪੁੰਨ ਹੋਵੈ, ਪਰਤਾਪ ਹੋਵੈ।’

ਸਾਕਾਦਾਰੀ ਵਿੱਚ ਵਿਚਰਦੀ ਔਰਤ ਹਮੇਸ਼ਾਂ ਆਪਣੇ ਸਹੁਰੇ ਘਰ ਦੇ ਰਿਸ਼ਤਿਆਂ ਦੇ ਪਹਿਰੇ ਹੇਠ ਰਹਿੰਦੀ ਹੈ। ਇਸ ਲਈ ਸਹੁਰੇ ਘਰ ਪਹੁੰਚ ਕੇ ਔਰਤ ਦੀ ਜ਼ਿੰਦਗੀ ਵਿੱਚ ਜੋ ਕੁੱਝ ਵਾਪਰਦਾ ਹੈ ਉਸਦਾ ਪ੍ਰਗਟਾਵਾ ਉਹ ਗੀਤਾਂ ਰਾਹੀਂ ਕਰਦੀ ਹੈ। ਜਿੱਥੇ ਸੱਜ ਵਿਆਹੀ ਦੀਆਂ ਤਾਂਘਾਂ ਪਰਿਵਾਰਿਕ ਜਿੰਮੇਵਾਰੀਆਂ ਵਿੱਚ ਰੁਲ ਜਾਂਦੀਆਂ ਹਨ ਉੱਥੇ ਦੇਵਰ ਨਾਲ ਸਮਾਜਿਕ ਪ੍ਰਵਾਣਗੀ ਵਿੱਚੋਂ ਬਣਿਆ ਹਾਸੇ-ਮਖੌਲ ਦਾ ਰਿਸ਼ਤਾ ਵੀ ਰੁਲਿਆ ਜਿਹਾ ਲਗਦਾ ਹੈ।

‘ਮੈਂ ਤਾਂ ਆਈ ਸਾਂ ਸੱਜ ਵਿਆਹੀ ਵੇ, ਤਹਿੰਡੀ ਮਾਊ ਰੰਨਾ ਚੱਕੀ ਚਾ ਝਵਾਈ ਵੇ,

ਹੱਥਾਂ ਤੇ ਮਹਿੰਦੀ, ਚੂੜੇ ਨੀ ਕਲਾਈ ਵੇ, ਸਿਰੈ ਤੇ ਖਲੋਤਾ ਮਹਿੰਡਾ ਦੇਰ ਸ਼ਪਾਈ ਵੇ

ਮੈਂ ਛੁੰਡੇ ਵਿੱਚ ਰੋਨੀ ਆ ਉਹ ਜਾਣੇ।'

ਸਹੁਰੇ ਪਰਿਵਾਰ ਵਿੱਚ ਜਿਸ ਰਿਸ਼ਤੇ ਨਾਲ ਜੁੜ ਕੇ ਉਹ ਆਈ ਹੁੰਦੀ ਹੈ ਉਹ ਉਸਤੋਂ ਦੂਰ ਜਾਣਾ ਨਹੀਂ ਲੋਚਦੀ। ਵਿਆਹ ਤੋਂ ਬਾਅਦ ਉਸਨੂੰ ਜੋ ਹਾਰ-ਸ਼ਿੰਗਾਰ ਕਰਨ ਦੀ ਖੁੱਲ੍ਹ ਮਿਲਦੀ ਹੈ ਪਤੀ ਦੇ ਵਿਛੋੜੇ ਵਿੱਚ ਉਸਨੂੰ ਉਹ ਸਭ ਕੁੱਝ ਵੀ ਬੇਮਾਇਨੇ ਜਿਹੇ ਲਗਦਾ ਹੈ। ਮਾਹੀਂ ਦੀ ਨੌਕਰੀ ਉਸਨੂੰ ਸੌਂਕਣ ਵਾਂਗ ਲਗਦੀ ਹੈ ਜੋ ਉਸਨੂੰ ਉਸਦੇ ਪਤੀ ਤੋਂ ਦੂਰ ਕਰ ਦਿੰਦੀ ਹੈ ਜਿਵੇਂ

'ਜੇ ਤੁਰ ਚਲਿਉਂ ਮਾਹੀਂ ਵੇ ਦਸ ਜਾਈਂ ਠਿਕਾਣਾ,

ਸਾਂਭ ਕੇ ਰਖਸਾਂ ਮਾਹੀਂ ਵੇ ਤਹਿੰਡਾ ਲੇਫ ਸਰਹਾਣਾ।'

ਸਮਾਜਿਕ ਪ੍ਰਬੰਧ ਪਾਲਣਾ ਕਰਦੇ ਹੋਏ ਜਿੰਨਾਂ ਜ਼ਿਆਦਾ ਉਹ ਆਪਣੇ ਜਜ਼ਬਾਤਾਂ ਨੂੰ ਦਬਾਉਂਦੀ ਹੈ ਉਨੀਂ ਹੀ ਪ੍ਰਬਲਤਾ ਨਾਲ ਉਹ ਉਸਦੇ ਅਵਚੇਤਨ ਵਿੱਚ ਪੱਕੇ ਹੋਣੇ ਸ਼ੁਰੂ ਹੋ ਜਾਂਦੇ ਹਨ। ਉਸਦੇ ਮਨ ਅੰਦਰ ਸਾਥ ਦੀ ਚਾਹ ਹੁੰਦੀ ਹੈ, ਜਿਸ ਲਈ ਉਹ ਬਚਪਨ ਤੋਂ ਹੀ ਸੁਪਨੇ ਦੇਖਦੀ ਹੈ। ਇਹੀ ਕਾਰਨ ਹੈ ਕਿ ਲੋਕ-ਗੀਤਾਂ ਵਿੱਚ ਮਨ ਅੰਦਰ ਛੁਪੇ ਅਜਿਹੇ ਡੂੰਘੇ ਜਜ਼ਬਿਆਂ ਦਾ ਪ੍ਰਗਟਾਵਾ 'ਬਗਲੇ' ਅਤੇ 'ਮਛਲੀ' ਦੇ ਪ੍ਰਤੀਕਾਂ ਰਾਹੀਂ ਹੁੰਦਾ ਹੈ ਜਿਵੇਂ

'ਲਾਲ ਮੈਂ ਮਛਲੀ ਦਰਿਆਏ ਦੀ, ਮਹਿੰਡੀ ਜਾਨ,

ਕਦੈ ਬਗਲਾ ਬਣ ਕੇ ਚਾ ਮੈਂ ਵਾਰੀ।'

ਔਰਤ ਦੇ ਅਚੇਤ ਮਨ ਵਿੱਚ ਰਿਸ਼ਤਿਆਂ ਦੀ ਕਾਰਜਸ਼ੀਲਤਾ ਸਮਾਨ ਰਿਸ਼ਤਿਆਂ ਵਿੱਚ ਅਸਮਾਨਸਮਾਜਿਕ ਸਥਿਤੀ ਕਰਕੇ ਬਣਦੀ ਹੈ। ਲੋਕ-ਗੀਤਾਂ ਵਿੱਚ ਕੁੱਝ ਅਜਿਹੇ ਵੀ ਪ੍ਰਗਟਾਵੇ ਹੁੰਦੇ ਹਨ ਜਿੱਥੇ ਔਰਤ ਸਹੁਰੇ ਪਰਿਵਾਰ ਵਿੱਚ ਆਪਣੇ ਹੱਕਾਂ ਪ੍ਰਤੀ ਜਾਗਰੁਕ ਹੋ ਕੇ ਸਥਿਤੀ ਦਾ ਖੁਦ ਨਿਪਟਾਰਾ ਕਰਦੀ ਹੋਈ ਪਰਤੀਤ ਹੁੰਦੀ ਹੈ ਜਿਵੇਂ

ਨੂੰਹ : ਤੂੰ ਕੌਂਤ ਘਰ ਆ,

ਸਦਾਗਰੀ ਸਾਹਵਰ ਵੰਞੇ।

ਸੱਸ : ਸਾਹਵਰੇ ਸੰਦੀਆ ਨਾਰ ਨੀ, ਮੰਦਾ ਬੋਲਦੀ ਅਹਿੰ,

ਆਪਣਾ ਰੱਖਦੀ ਅਹਿੰ ਘਰ, ਮਹਿੰਡਾ ਵਰ ਤੋਰਦੀ ਅਹਿੰ।

ਸਮਾਜਿਕ ਮੂਲ ਵਿਧਾਨ ਅਨੁਸਾਰ ਫੈਸਲਾ ਲੈਣ ਦਾ ਹੱਕ ਸਿਰਫ ਮਰਦ ਨੂੰ ਹੈ ਪਰ ਅਜਿਹੇ ਸਾਕ ਦੀ ਸਥਿਤੀ ਵਿੱਚ ਪੂਰਾ ਨਾ ਉਤਰਨ ਵਾਲਾ ਪਤੀ ਸਮਾਜਿਕ ਪ੍ਰਬੰਧ ਲਈ ਲਾਈ-ਲੱਗ ਤੇ ਬੁੱਧੂ ਗਿਣਿਆ ਜਾਂਦਾ ਹੈ। ਭਾਵੇਂ ਨੂੰਹ ਦੀ ਭੂਮਿਕਾ ਵਿੱਚ ਪੈ ਕੇ ਔਰਤ ਨੀਵੀਂ ਸਥਿਤੀ ਵਾਲੀ ਬਣ ਜਾਂਦੀ ਹੈ ਪਰ ਅਜਿਹੀ ਸਥਿਤੀ ਵਿੱਚ ਜਦੋਂ ਉਸਦਾ ਪਤੀ ਅਜਿਹੀ ਫੈਸਲਾ ਲੈਣ ਵਾਲੀ ਸਥਿਤੀ ’ਤੇ ਪੂਰਾ ਨਹੀਂ ਉਤਰਦਾ ਤਾਂ ਔਰਤ ਹੀ ਇਹ ਭੂਮਿਕਾ ਅਦਾ ਕਰਦੀ ਹੈ ਜਿਵੇਂ

'ਸੱਸੂ ਸਾਹਵਰੇ ਸਾਨੂੰ ਵੱਖ ਕਰ ਛੋੜਿਆ, ਦੇ ਕੈ ਛੋਟੀ ਜਿਹੀ ਲੋਈ,

ਮੈਂ ਆਪੇ ਗੱਲ ਕਰ ਲੈਸਾਂ, ਤਹਿੰਡੇ 'ਚ ਅਕਲ ਨਾ ਕੋਈ।'

ਸਮਾਜਿਕ ਪੱਧਰ 'ਤੇ ਸਵੀਕਾਰੀ ਸੱਸ ਜਿਸ ਨੂੰ ਮਾਂ ਦਾ ਦਰਜਾ ਦਿੱਤਾ ਜਾਂਦਾ ਹੈ। ਪਰ ਖੂਨ ਦੇ ਰਿਸ਼ਤੇ ਦੀ ਸਾਕਾਦਾਰੀ ਵਿੱਚ ਆਉਣ ਕਰਕੇ ਮਾਂ ਦਾ ਝੁਕਾਅ ਉਸਦੀ ਨੂੰਹ ਨਾਲੋਂ ਪੁੱਤਰ ਜਾਂ ਧੀ ਵੱਲ ਵਧੇਰੇ ਹੁੰਦਾ ਹੈ। ਦੂਜਾ ਮਾਂ ਦੇ ਮਨ ਵਿੱਚ ਪੁੱਤਰ ਦੇ ਖੁਸ ਜਾਣ ਦੇ ਡਰ ਕਰਕੇ ਨੀਵੀਂ ਸਮਾਜਿਕ ਸਥਿਤੀ ਵਿੱਚ ਵਿਚਰਦੀ ਨੂੰਹ ਨਾਲ ਇੱਕ ਦਵੰਦ ਦੇ ਰਿਸ਼ਤਾ ਹੁੰਦਾ ਹੈ ਜਿਵੇਂ

'ਤਹਿੰਡੀ ਮਾਊ ਨੇ ਲੰਮੇ ਲੰਮੇ ਪੈਰ ਵੇ,

ਪੁੱਤਰ ਪਿਆਰੇ, ਤੇ ਨੂੰਹ ਨਾਲ ਰੱਖਦੀ ਵੈਰ ਵੇ।'

ਗੀਤਾਂ ਰਾਹੀਂ ਹੀ ਔਰਤ ਦੀ ਸਮਾਜ ਪ੍ਰਤੀ ਜਾਗਰੁਕਤਾ ਦਾ ਵੀ ਪਤਾ ਲੱਗਦਾ ਹੈ। ਜਿੱਥੇ ਮਰਦ ਨੇ ਉਸਨੂੰ ਘਰ ਦੀ ਚਾਰ ਦੀਵਾਰੀ ਤਕ ਮਹਿਦੂਦ ਕਰ ਕੇ ਰੱਖ ਦਿੱਤਾ ਸੀ ਪਰ ਇਸਦੇ ਬਾਵਜੂਦ ਉਸਦੀਆਂ ਸਿਰਜਾਣਾਵਾਂ ਇਹ ਦਰਸਾਉਂਦੀਆਂ ਹਨ ਕਿ ਉਸਦੇ ਆਲੇ-ਦੁਆਲੇ ਕੀ ਵਾਪਰ ਰਿਹਾ ਹੈ ਉਹਨਾਂ ਪ੍ਰਤੀ ਵੀ ਉਹ ਪੂਰਨ ਰੂਪ ਵਿੱਚ ਸੁਚੇਤ ਹੈ ਜਿਵੇਂ

'ਹਿੱਕ ਸਿਆਪਾ ਹੁਸ ਮੁਗਲੇ ਨਾ ਜਿਸ ਜੁੰਞੂਆਂ ਦੇ ਢੇਰ ਲੁਹਾਏ,

ਖੋਹ ਕੇ ਹੱਥੋਂ ਪੋਥੀ ਮਾਲਾ, ਪੜ੍ਹਨ ਕੁਰਾਨ ਬਹਾਏ।'

ਨਾਦਰ ਸ਼ਾਹ ਦੇ ਹਮਲੇ ਬਾਰੇ ਅਤੇ ਉਸ ਸਮੇਂ ਦੀ ਦਰਦਨਾਕ ਸਥਿਤੀ ਦਾ ਗੀਤਾਂ ਵਿੱਚ ਦਰਦਨਾਕ ਬਿਆਨ ਕੀਤਾ ਮਿਲਦਾ ਹੈ। ਲੋਕ-ਗੀਤਾਂ ਨੇ ਇਤਿਹਾਸ ਦੇ ਕਿੰਨੇ ਹੀ ਸਫਿਆਂ ਨੂੰ ਇਸ ਤਰ੍ਹਾਂ ਆਪਣੇ ਅੰਦਰ ਸਮੇਟ ਲਿਆ ਹੈ ਕਿ ਇਹਨਾਂ ਦੇ ਖੁੱਲ੍ਹਦੇ ਹੀ ਲੋਕਾਂ ਦੀ ਰੂਹ ਕੁਰਲਾ ਉਠਦੀ ਹੈ ਜਿਵੇਂ

'ਆਇਆ ਨਾਦਰ ਫਟੀ ਚਾਦਰ,

ਬਾਹੋਂ ਚੂੜਾ ਲਾਹਿਆ ਕੁੜੇ, ਕੇ ਅਸਾਡਾ ਰਿਹਾ ਕੁੜੇ।'

ਇਸ ਤਰ੍ਹਾਂ ਸਮੁੱਚੇ ਰੂਪ ਵਿੱਚ ਦੇਖੀਏ ਤਾਂ ਲੋਕ-ਗੀਤਾਂ ਵਿੱਚ ਇਹ ਗੱਲ ਸਪਸ਼ਟ ਰੂਪ ਵਿੱਚ ਸਾਹਮਣੇ ਆਉਂਦੀ ਹੈ ਕਿ ਔਰਤ ਦੇ ਅਚੇਤ ਨੇ ਸਮਾਜ ਦੇ ਕਿਸੇ ਵੀ ਪੱਖ ਨੂੰ ਅੱਖੋਂ ਓਹਲੇ ਨਹੀਂ ਕੀਤਾ। ਇਹ ਮਨੁੱਖ ਦੀ ਜ਼ਿੰਦਗੀ ਦੇ ਪੂਰਨ ਵਰਤਾਰੇ ਨੂੰ ਰੂਪਮਾਨ ਕਰਦੇ ਹਨ। ਫਿਰ ਭਾਵੇਂ ਉਹ ਜਜ਼ਬਾਤਾਂ ਨਾਲ ਸੰਬੰਧਿਤ ਹੋਵੇ,ਸਮਾਜਿਕ ਸਮੱਸਿਆ ਨਾਲ, ਧਾਰਮਿਕ ਜਾਂ ਇਤਿਹਾਸਕ ਸਥਿਤੀ ਨਾਲ। ਸੋ ਇਹ ਲੋਕ ਗੀਤ ਔਰਤ ਦੇ ਸਮੁੱਚੇ ਆਪੇ ਦੀ ਤਰਜਮਾਨੀ ਕਰਦੇ ਹਨ। ਗੀਤਾਂ ਰਾਹੀਂ ਉਹ ਸਮਾਜਿਕ ਪ੍ਰਬੰਧ ਸਾਹਮਣੇ ਆਉਂਦਾ ਹੈ ਜਿਸ ਵਿੱਚ ਇੱਕੋਂ ਸਮੇਂ ਪਰੰਪਰਾ 'ਮਰਦ ਲਈ ਹੋਰ ਅਤੇ ਔਰਤ ਲਈ ਹੋਰ' ਮੂਲ-ਵਿਧਾਨ ਦੀ ਸਿਰਜਦੀ ਹੈ। ਸੋ ਕਿਸੇ ਨਾ ਕਿਸੇ ਤਰ੍ਹਾਂ ਇਹ ਲੋਕ-ਗੀਤ ਸਮਾਜ ਅਤੇ ਸੱਭਿਆਚਾਰ ਦੇ ਦਸਤਾਵੇਜ਼ ਬਣਦੇ ਹਨ।

## ਹਵਾਲੇ ਤੇ ਟਿੱਪਣੀਆਂ

1. ਸੁਰਜੀਤ ਸਿੰਘ, ਪੰਜਾਬੀ ਸੱਭਿਆਚਾਰ ਦੀ ਮੁੱਢਲੀ ਜੁਗਤ, ਭਾਖਾ ਸੰਜਮ-ਜਿਲਦ 12
2. ਕਰਨੈਲ ਸਿੰਘ ਥਿੰਦ, ਪੰਜਾਬ ਦੇ ਲੋਕ ਵਿਰਸਾ
3. ਵਣਜਾਰ ਬੇਦੀ, ਪੰਜਾਬ ਦਾ ਲੋਕ ਸਾਹਿਤ
4. Van Gennep, The Rites of Passage